Punjabi | ਪੰਜਾਬੀ

# ਸਹੀ ਮੱਦਦ।
# ਸਹੀ ਸਮੇਂ 'ਤੇ।



# 100 ਡਾਲਰ ਦਾ ਪਾਵਰ ਸੇਵਿੰਗ ਬੋਨਸ: ਅਰਜ਼ੀ ਕਿਵੇਂ ਦੇਣੀ ਹੈ?

ਉਨ੍ਹਾਂ ਵਿਕਟੋਰੀਆ ਵਾਸੀਆਂ ਨੂੰ ਰਹਿਣ-ਸਹਿਣ ਦੇ ਖ਼ਰਚੇ ਵਿੱਚ ਸਹੀ ਸਹਾਇਤਾ ਪ੍ਰਦਾਨ ਕਰਨਾ, ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ।

ਨਵਾਂ $100 ਦਾ ਪਾਵਰ ਸੇਵਿੰਗ ਬੋਨਸ ਦੇਣ ਦੇ ਨਾਲ, ਵਿਕਟੋਰੀਆ ਸਰਕਾਰ ਲੋੜਵੰਦ ਵਿਕਟੋਰੀਆ ਵਾਸੀਆਂ ਲਈ ਰਹਿਣ-ਸਹਿਣ ਦੇ ਖ਼ਰਚੇ ਸੰਬੰਧੀ ਦਬਾਅ ਘਟਾਉਣ ਅਤੇ ਊਰਜਾ ਬਿੱਲਾਂ ਨੂੰ ਘਟਾਉਣ ਲਈ ਅਸਲ ਮੱਦਦ ਪ੍ਰਦਾਨ ਕਰ ਰਹੀ ਹੈ।

25 ਅਗਸਤ 2025 ਤੋਂ, ਯੋਗ ਰਿਆਇਤੀ ਕਾਰਡ ਧਾਰਕ ਵਿਕਟੋਰੀਅਨ ਐਨਰਜੀ ਕੰਪੇਅਰ ਦੀ ਵੈੱਬਸਾਈਟ 'ਤੇ ਜਾ ਕੇ ਇਸ ਬੋਨਸ ਲਈ ਅਰਜ਼ੀ ਦੇ ਸਕਦੇ ਹਨ, ਅਤੇ ਇਹ ਵੀ ਚੈੱਕ ਕਰ ਸਕਣਗੇ ਕਿ ਉਹ ਸਭ ਤੋਂ ਵਧੀਆ ਊਰਜਾ ਆਫ਼ਰ 'ਤੇ ਹਨ ਜਾਂ ਨਹੀਂ।

ਵਿਕਟੋਰੀਅਨ ਐਨਰਜੀ ਕੰਪੇਅਰ, ਇੱਕ ਮੁਫ਼ਤ ਅਤੇ ਸੁਤੰਤਰ ਸਰਕਾਰ ਦੁਆਰਾ ਚਲਾਈ ਜਾਣ ਵਾਲੀ ਵੈੱਬਸਾਈਟ ਹੈ ਜੋ ਬਿਜਲੀ, ਗੈਸ ਅਤੇ ਸੋਲਰ ਆਫ਼ਰਾਂ ਦੀ ਤੁਲਨਾ ਕਰਨਾ ਆਸਾਨ ਬਣਾਉਂਦੀ ਹੈ। ਇਸ ਵੈੱਬਸਾਈਟ ਦੀ ਵਰਤੋਂ ਕਰਕੇ ਵਿਕਟੋਰੀਆ ਵਾਸੀ ਨਿਯਮਿਤ ਤੌਰ 'ਤੇ ਆਪਣੀਆਂ ਊਰਜਾ ਯੋਜਨਾਵਾਂ ਦੀ ਜਾਂਚ ਅਤੇ ਅਦਲਾ-ਬਦਲੀ ਕਰਕੇ, ਆਪਣੀਆਂ ਊਰਜਾ ਦੇ ਖ਼ਰਚਿਆਂ ਵਿੱਚ ਕਾਫ਼ੀ ਬੱਚਤ ਕਰ ਸਕਦੇ ਹਨ।

ਤੁਹਾਨੂੰ $100 ਦਾ ਪਾਵਰ ਸੇਵਿੰਗ ਬੋਨਸ ਪ੍ਰਾਪਤ ਕਰਨ ਲਈ ਤੁਹਾਨੂੰ ਆਪਣੀ ਊਰਜਾ ਯੋਜਨਾ ਬਦਲਣ ਦੀ ਲੋੜ ਨਹੀਂ ਹੈ। ਇਸ ਵੈੱਬਸਾਈਟ ਦੀ ਵਰਤੋਂ ਸਿਰਫ਼ ਉਪਲਬਧ ਯੋਜਨਾਵਾਂ ਦੀ ਤੁਲਨਾ ਕਰਨ ਲਈ ਕਰੋ — ਇਹ ਤੇਜ਼, ਅਤੇ ਆਸਾਨ ਹੈ ਅਤੇ ਤੁਹਾਨੂੰ ਇੱਕ ਵਧੀਆ ਸੌਦਾ ਲੱਭਣ ਵਿੱਚ ਮੱਦਦ ਕਰ ਸਕਦੀ ਹੈ।

## 100 ਡਾਲਰ ਦਾ 'ਊਰਜਾ ਬੱਚਤ ਬੋਨਸ' (ਪਾਵਰ ਸੇਵਿੰਗ ਬੋਨਸ)

$100 ਦਾ ਪਾਵਰ ਸੇਵਿੰਗ ਬੋਨਸ ਇੱਕ ਵਾਰ ਮਿਲਣ ਵਾਲੀ ਰਕਮ ਹੈ, ਜੋ ਹੱਕਦਾਰ ਪਰਿਵਾਰਾਂ ਨੂੰ ਸਰਦੀ ਦੇ ਬਿਜਲੀ ਦੇ ਬਿੱਲਾਂ ਨਾਲ ਨਜਿੱਠਣ ਅਤੇ ਮਹਿੰਗਾਈ ਦੇ ਦਬਾਅ ਨੂੰ ਘਟਾਉਣ ਵਿੱਚ ਮੱਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

ਜਦੋਂ ਤੁਸੀਂ ਵਿਕਟੋਰੀਅਨ ਐਨਰਜੀ ਕੰਪੇਅਰ ਦੀ ਵੈੱਬਸਾਈਟ ਰਾਹੀਂ ਅਰਜ਼ੀ ਦਿੰਦੇ ਹੋ, ਤਾਂ ਤੁਸੀਂ ਹੋਰ ਨਵੀਆਂ ਬੱਚਤਾਂ ਦਾ ਵੀ ਪਤਾ ਲਗਾ ਸਕਦੇ ਹੋ — ਅਤੇ ਇਹ ਕਰਦਿਆਂ ਤੁਹਾਨੂੰ $100 ਦਾ ਬੋਨਸ ਵੀ ਮਿਲ ਸਕਦਾ ਹੈ।

## ਯੋਗਤਾ

ਯੋਗ ਹੋਣ ਲਈ, ਪਰਿਵਾਰਾਂ ਕੋਲ ਇਹ ਚੀਜ਼ਾਂ ਹੋਣੀਆਂ ਲਾਜ਼ਮੀ ਹਨ:

- ਇੱਕ ਤਾਜ਼ਾ ਰਿਹਾਇਸ਼ੀ ਬਿਜਲੀ ਬਿੱਲ
- ਹੇਠ ਲਿਖੇ ਰਿਆਇਤ ਕਾਰਡਾਂ ਵਿੱਚੋਂ ਕੋਈ ਇੱਕ ਹੋਣਾ ਚਾਹੀਦਾ ਹੈ:
  - ਹੈਲਥ ਕੇਅਰ ਕਾਰਡ
  - ਪੈਨਸ਼ਨਰ ਰਿਆਇਤ ਕਾਰਡ
  - ਵੈਟਰਨਜ਼ ਅਫੇਅਰਜ਼ ਪੈਨਸ਼ਨਰ ਰਿਆਇਤ ਕਾਰਡ
  - ਵੈਟਰਨਜ਼ ਅਫੇਅਰਜ਼ ਗੋਲਡ ਕਾਰਡ

ਹਰ ਘਰ ਲਈ ਸਿਰਫ਼ ਇੱਕ ਭੁਗਤਾਨ ਹੀ ਉਪਲਬਧ ਹੈ।

## ਅਰਜ਼ੀ ਕਿਵੇਂ ਦੇਣੀ ਹੈ?

ਅਰਜ਼ੀ ਦੇਣ ਲਈ, ਵਿਕਟੋਰੀਅਨ ਐਨਰਜੀ ਕੰਪੇਅਰ ਦੀ ਵੈੱਬਸਾਈਟ (compare.energy.vic.gov.au) 'ਤੇ ਜਾਓ ਜਾਂ ਫ਼ੋਨ ਰਾਹੀਂ **(1800 000 832)** ਜਾਂ ਭਾਗ ਲੈਣ ਵਾਲੇ ਨੇਬਰਹੁੱਡ ਹਾਊਸ ਰਾਹੀਂ ਵਿਅਕਤੀਗਤ ਤੌਰ 'ਤੇ ਅਰਜ਼ੀ ਦਾਖਲ ਕਰੋ।

VICTORIAN ENERGY COMPARE

VICTORIA State Government

## ਵਿਕਟੋਰੀਅਨ ਐਨਰਜੀ ਕੰਪੇਅਰ ਤੁਹਾਡੇ ਲਈ ਕੀ ਕਰ ਸਕਦੀ ਹੈ:

- ਇਹ ਉਪਲਬਧ ਆਫ਼ਰਾਂ ਦੀ ਤੁਲਨਾ ਤੁਹਾਡੇ ਮੌਜੂਦਾ ਪਲਾਨ ਨਾਲ ਕਰਦਾ ਹੈ ਤਾਂ ਜੋ ਤੁਸੀਂ ਦੇਖ ਸਕੋ ਕਿ ਉਹ ਵੱਧ ਹਨ ਜਾਂ ਘੱਟ।
- ਇਹ ਹਰ ਵਿਕਟੋਰੀਅਨ ਊਰਜਾ ਰਿਟੇਲਰ ਵਲੋਂ ਮਾਰਕੀਟ ਵਿੱਚ ਉਪਲਬਧ ਹਰ ਪੇਸ਼ਕਸ਼ ਨੂੰ ਖੋਜਦੀ ਹੈ।
- ਇਹ ਤੁਹਾਨੂੰ ਗ੍ਰੀਨ ਊਰਜਾ ਦੀਆਂ ਪੇਸ਼ਕਸ਼ਾਂ ਅਤੇ ਸੋਲਰ ਫੀਡ-ਇਨ ਟੈਰਿਫ਼ ਦਿਖਾਉਂਦਾ ਹੈ।
- ਇਹ ਸਭ ਤੋਂ ਵਧੀਆ ਜਾਣਕਾਰੀ ਪ੍ਰਦਾਨ ਕਰਨ ਲਈ, ਤੁਹਾਡੇ ਪਰਿਵਾਰ ਜਾਂ ਕਾਰੋਬਾਰ ਲਈ ਵਿਸ਼ੇਸ਼ ਡੈਟੇ ਦੀ ਵਰਤੋਂ ਕਰਦਾ ਹੈ।

**1** **ਆਪਣਾ ਨਵੀਨਤਮ ਬਿਜਲੀ ਦਾ ਬਿੱਲ ਲੱਭੋ।**

**2** compare.energy.vic.gov.au **ਵੈੱਬਸਾਈਟ 'ਤੇ ਜਾਓ।**

**3** **ਆਪਣੀ ਜਾਣਕਾਰੀ ਭਰੋ ਅਤੇ ਸਭ ਤੋਂ ਵਧੀਆ ਪੇਸ਼ਕਸ਼ਾਂ ਲੱਭੋ।**

### ਤੁਲਨਾ ਕਰੋ ਅਤੇ ਬੱਚਤ ਕਰੋ

ਜਿਨ੍ਹਾਂ ਲੋਕਾਂ ਨੇ 2024 ਦੌਰਾਨ ਵਿਕਟੋਰੀਅਨ ਐਨਰਜੀ ਕੰਪੇਅਰ ਵੈੱਬਸਾਈਟ ਦੀ ਵਰਤੋਂ ਕੀਤੀ ਸੀ, ਉਹ ਵਧੀਆ ਕੀਮਤ ਵਾਲੀਆਂ ਆਫ਼ਰਾਂ 'ਤੇ ਜਾ ਕੇ $240 ਤੋਂ ਵੱਧ ਦੀ ਬੱਚਤ ਕਰਨ ਵਿੱਚ ਕਾਮਯਾਬ ਰਹੇ ਸਨ।

### ਘਰ ਅਤੇ ਛੋਟੇ ਕਾਰੋਬਾਰ

ਵਿਕਟੋਰੀਅਨ ਐਨਰਜੀ ਕੰਪੇਅਰ ਦੀ ਵੈੱਬਸਾਈਟ 'ਤੇ ਘਰ ਅਤੇ ਛੋਟੇ ਕਾਰੋਬਾਰੀ ਖਪਤਕਾਰਾਂ ਲਈ ਉਪਲਬਧ ਸਾਰੇ ਆਮ ਊਰਜਾ ਆਫ਼ਰਾਂ ਦੀ ਜਾਣਕਾਰੀ ਮਿਲਦੀ ਹੈ।

### 17.5% ਦੀ ਛੋਟ

ਰਿਆਇਤੀ ਕਾਰਡ ਧਾਰਕਾਂ ਨੂੰ ਸਾਲ ਭਰ ਬਿਜਲੀ ਦੇ ਬਿੱਲਾਂ ਅਤੇ ਸਰਦੀ (ਮਈ ਤੋਂ ਅਕਤੂਬਰ) ਦੌਰਾਨ ਗੈਸ ਦੇ ਬਿੱਲਾਂ 'ਤੇ 17.5% ਛੋਟ ਮਿਲ ਸਕਦੀ ਹੈ।

ਵਿਕਟੋਰੀਆ ਸਰਕਾਰ ਦੀ ਊਰਜਾ ਵੈੱਬਸਾਈਟ, ਵਿਕਟੋਰੀਆ ਦੇ ਸੁਰੱਖਿਅਤ ਅਤੇ ਟਿਕਾਊ ਊਰਜਾ ਭਵਿੱਖ ਨੂੰ ਵਿਕਸਤ ਕਰਨ ਲਈ ਉਦਯੋਗ ਅਤੇ ਭਾਈਚਾਰੇ ਨਾਲ ਮਿਲ ਕੇ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੰਦੀ ਹੈ।



**energy.vic.gov.au/households 'ਤੇ ਜਾਓ।**

© ਵਿਕਟੋਰੀਆ ਸਰਕਾਰ ਦਾ ਊਰਜਾ, ਵਾਤਾਵਰਣ ਅਤੇ ਜਲਵਾਯੂ ਕਾਰਵਾਈ ਵਿਭਾਗ ਅਗਸਤ 2025

**ISBN** 978-1-76176-552-0 **(Print)**
**ISBN** 978-1-76176-553-7 **(pdf/online/MS word)**

**ਬੇਦਾਅਵਾ**
ਇਹ ਪ੍ਰਕਾਸ਼ਨ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ ਪਰ ਵਿਕਟੋਰੀਆ ਰਾਜ ਅਤੇ ਇਸਦੇ ਕਰਮਚਾਰੀ ਇਸ ਗੱਲ ਦੀ ਗਾਰੰਟੀ ਨਹੀਂ ਦਿੰਦੇ ਕਿ ਇਹ ਪ੍ਰਕਾਸ਼ਨ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਤੋਂ ਰਹਿਤ ਹੈ ਜਾਂ ਇਹ ਤੁਹਾਡੇ ਵਿਸ਼ੇਸ਼ ਉਦੇਸ਼ਾਂ ਲਈ ਪੂਰੀ ਤਰ੍ਹਾਂ ਢੁਕਵਾਂ ਹੈ ਅਤੇ ਇਸ ਲਈ ਇਸ ਪ੍ਰਕਾਸ਼ਨ ਵਿੱਚ ਕਿਸੇ ਵੀ ਜਾਣਕਾਰੀ 'ਤੇ ਭਰੋਸਾ ਕਰਨ ਨਾਲ ਪੈਦਾ ਹੋਣ ਵਾਲੀ ਕਿਸੇ ਵੀ ਗ਼ਲਤੀ, ਨੁਕਸਾਨ ਜਾਂ ਹੋਰ ਨਤੀਜੇ ਲਈ ਸਾਰੀ ਜ਼ਿੰਮੇਵਾਰੀ ਤੋਂ ਇਨਕਾਰ ਕਰਦੇ ਹਨ।

ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ, ਅਨੁਵਾਦ ਅਤੇ ਦੋਭਾਸ਼ੀਆਂ ਸੇਵਾਵਾਂ (TIS) ਨਾਲ 131 450 'ਤੇ ਸੰਪਰਕ ਕਰੋ।

VICTORIA State Government